ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ ਦੁਸ਼ਾਂਬੇ, ਤਾਜਿਕਸਤਾਨ ਵਿੱਚ ਐਸਸੀਓ ਕੌਂਸਲ ਆਫ਼ ਹੈੱਡਜ ਆਫ਼ ਗਵਰਨਮੈਂਟ ਮੀਟਿੰਗ ਨੂੰ ਸੰਬੋਧਨ ਕੀਤਾ

ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ 20 ਅਕਤੂਬਰ 2026 ਨੂੰ ਦੁਸ਼ਾਂਬੇ, ਤਾਜਿਕਸਤਾਨ ਵਿੱਚ ਕਰਵਾਈ ਗਈ ਸ਼ੰਘਾਈ ਕੋਆਪਰੇਸ਼ਨ ਆਰਗਨਾਈਜੇਸ਼ਨ (SCO) ਦੀ ਕੌਂਸਲ ਆਫ਼ ਹੈੱਡਜ ਆਫ਼ ਗਵਰਨਮੈਂਟ (CHG) ਦੀ 25ਵੀਂ ਬੈਠਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ।।

2. ਬੈਠਕ ਨੂੰ ਸੰਬੋਧਿਤ ਕਰਦਿਆਂ, ਰੱਖਿਆ ਮੰਤਰੀ ਨੇ ਵਪਾਰ, ਨਿਵੇਸ਼, ਸੰਪਰਕ, ਨਵੀਨਤਾ ਅਤੇ ਲੋਕਾਂ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਐਸਸੀਓ ਮੈਂਬਰ ਦੇਸ਼ਾਂ ਵਿਚਕਾਰ ਵਿਵਹਾਰਕ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜੋਰ ਦਿੱਤਾ।

3. ਰੱਖਿਆ ਮੰਤਰੀ ਨੇ ਹਰ ਤਰ੍ਹਾਂ ਦੇ ਅੱਤਵਾਦ ਦਾ ਮੁਕਾਬਲਾ ਕਰਨ ਪ੍ਰਤੀ ਭਾਰਤ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਇਆ ਅਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਸਬੰਧੀ ਚੁਣੌਤੀਆਂ ਦਾ ਨਜਿੱਠਣ ਲਈ ਸਮੂਹਿਕ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਖੇਤਰੀ ਸਹਿਯੋਗ ਨੂੰ ਆਪਸੀ ਸਨਮਾਨ, ਪ੍ਰਭੂਸੱਤਾ, ਖੇਤਰੀ ਅਖੰਡਤਾ ਅਤੇ ਆਪਸੀ ਹਿੱਤਾਂ ਦੇ ਸਿਧਾਂਤਾਂ ਰਾਹੀਂ ਅੱਗੇ ਵਧਾਇਆ ਜਾਣਾ ਚਾਹੀਦਾ ਹੈ।

4. ਬੈਠਕ ਵਿੱਚ ਐਸਸੀਓ ਮੈਂਬਰ ਦੇਸ਼ਾਂ ਵਿਚਕਾਰ ਬਹੁਪੱਖੀ ਆਰਥਿਕ ਅਤੇ ਵਪਾਰ ਸਹਿਯੋਗ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਆਵਾਜਾਈ, ਵਿੱਤ, ਡਿਜੀਟਲ ਅਰਥਵਿਵਸਥਾ ਅਤੇ ਸਮਾਜਿਕ ਵਿਕਾਸ ਵਰਗੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸੰਪਰਕ ਉਪਾਵਾਂ 'ਤੇ ਚਰਚਾ ਕੀਤੀ।

5. ਵਫ਼ਦ ਦੇ ਮੁਖੀਆਂ ਨੇ ਐਸਸੀਓ ਕੌਂਸਲ ਆਫ਼ ਹੈੱਡਜ ਆਫ਼ ਗਵਰਨਮੈਂਟ ਦੀ 25ਵੀਂ ਮੀਟਿੰਗ ਵਿੱਚ ਜਾਰੀ ਸੰਯੁਕਤ ਬਿਆਨ ਨੂੰ ਅਪਣਾਇਆ ਜਿਸ ਵਿੱਚ 2027 ਲਈ ਐਸਸੀਓ ਬਜਟ, ਇਸ ਨਾਲ ਸਬੰਧਿਤ ਵਿੱਤੀ ਅਤੇ ਪ੍ਰਸ਼ਾਸਕੀ ਫੈਸਲੇ ਅਤੇ 2026-2030 ਲਈ ਪੀਐਮਟੀਈਸੀ ਕਾਰਜ ਯੋਜਨਾ ਸ਼ਾਮਲ ਹੈ।।

6. ਐਸਸੀਓ ਸੀਐਚਜੀ ਸੰਗਠਨ ਦਾ ਇੱਕ ਮਜ਼ਬੂਤ ਤੰਤਰ ਹੈ ਜੋ ਮੈਂਬਰ ਦੇਸ਼ਾਂ ਵਿੱਚ ਆਰਥਿਕ ਅਤੇ ਵਿਵਹਾਰਕ ਸਹਿਯੋਗ ਦੇ ਹੋਰ ਖੇਤਰਾਂ ਨੂੰ ਉਤਸ਼ਾਹਿਤ ਕਰਨ ਲਈ ਜਿੰਮੇਵਾਰ ਹੈ। ਭਾਰਤ 2017 ਤੋਂ ਐਸਸੀਓ ਦਾ ਪੂਰਨ ਮੈਂਬਰ ਹੈ ਅਤੇ ਇਸਦੇ ਵੱਖ-ਵੱਖ ਤੰਤਰਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਂਦਾ ਆ ਰਿਹਾ ਹੈ।।

ਦੁਸ਼ਾਂਬੇ

20 ਅਕਤੂਬਰ 2026